# ਦਫਤਰ ਨਗਰ ਸੁਧਾਰ ਟਰੱਸਟ ਬਠਿੰਡਾ

## ਦਫਤਰੀ ਹੁਕਮ

ਪੱਤਰ ਨੰ: 14 ਮਿਤੀ: 28-05-2026

ਜਿਵੇ ਕਿ ਟਰੱਸਟ ਦਫਤਰ ਵੱਲੋ ਵਿਕਾਸ ਸਕੀਮ ਬਲਿਊ ਫੌਕਸ ਦੇ ਐਸ.ਸੀ.ਓਜ.ਨੂੰ ਈ-ਆਕਸ਼ਨ ਪ੍ਰਣਾਲੀ ਰਾਹੀ ਨਿਲਾਮ ਕਰਨ/ਵੇਚਣ ਲਈ ਬੋਲੀਕਾਰਾਂ ਨੂੰ www.tenderwizard.DLGP ਤੇ ਰਜਿਸਟਰੇਸ਼ਨ ਕਰਨ ਦੀ ਮਿਤੀ 07-05-2026 ਤੋ 28-05-2026 ਤੱਕ ਅਤੇ ਬਿੱਡ/ਬੋਲੀ ਲਗਾਉਣ ਦੀ ਮਿਤੀ 01-06-2026 ਤੋ 03-06-2026 ਤੱਕ ਨਿਰਧਾਰਿਤ ਕੀਤੀ ਗਈ ਸੀ ।ਨਿਮਨ ਹਸਤਾਖਰ ਪਾਸ ਸ਼ਹਿਰ ਦੇ ਕਾਫੀ ਵਿਅਕਤੀਆ ਨੇ ਬੇਨਤੀ ਕੀਤੀ ਹੈ ਕਿ,ਉਹ ਇਨ੍ਹਾ ਜਾਇਦਾਦਾ ਨੂੰ ਖਰੀਦ ਕਰਨ ਦੇ ਚਾਹਵਾਨ ਹਨ ਪ੍ਰੰਤੂ ਪੰਜਾਬ ਰਾਜ ਵ੍ਹਿੱਚ ਨਗਰ ਨਿਗਮ/ਨਗਰ ਕੌਸਲ ਚੋਣਾਂ ਹੋਣ ਕਰਕੇ ਬਹੁਤੇ ਬੋਲੀਕਾਰਾ ਵੱਲੋਂ ਰਜਿਸਟਰੇਸ਼ਨ ਨਹੀ ਕਰ੍ਵਾਈ ਜਾ ਸਕੀ,ਇਸ ਲਈ ਰਜਿਸਟਰੇਸ਼ਨ ਦੇ ਸਮੇਂ ਵਿੱਚ ਕੁਝ ਦਿਨਾਂ ਦਾ ਵਾਧਾ ਕੀਤਾ ਜਾਵੇ।

ਕਿਉਂਜੋ ਚੋਣਾਂ ਹੋਣ ਕਰਕੇ ਉਕਤ ਈ- ਆਕਸ਼ਨ ਦਾ ਪ੍ਰਚਾਰ ਵੀ ਸੀਮਿਤ ਦਾਇਰੇ ਦੇ ਅੰਦਰ ਹੀ ਹੋ ਸਕਿਆ ਸੀ ਇਸ ਲਈ ਟਰੱਸਟ ਹਿੱਤ/ਪਬਲਿਕ ਹਿੱਤ ਵਿੱਚ ਉਕਤ ਈ-ਆਕਸ਼ਨ ਦੀ ਰਜਿਸਟਰੇਸ਼ਨ ਕਰਨ ਦੀ ਮਿਤੀ 06-06-2026 ਤੱਕ ਵਧਾਈ ਜਾਂਦੀ ਹੈ ਅਤੇ ਬਿੱਡ/ਬੋਲੀ ਲਗਾਉਣ ਦੀ ਮਿਤੀ 08-06-2026 ਤੋ 10-06-2026 ਤੱਕ ਨਿਰਧਾਰਿਤ ਕੀਤੀ ਜਾਂਦੀ ਹੈ

ਇਨ੍ਹਾ ਹੁਕਮਾਂ ਨੂੰ www.tenderwizard.DLGP ਪੋਰਟਲ ਅਤੇ ਟਰੱਸਟ ਸਾਈਟ www.improvementtrustbti.in ਤੇ ਤੁਰੰਤ ਪ੍ਰਭਾਵ ਨਾਲ ਅੱਪਲੋਡ ਕੀਤਾ ਜਾਵੇ ਅਤੇ ਸ਼ਹਿਰ ਅੰਦਰ ਉਕਤ ਵਧਾਈ ਗਈ ਮਿਤੀ ਦਾ ਪ੍ਰਚਾਰ ਕਰਨਾ ਵੀ ਯਕੀਨੀ ਬਣਾਇਆ ਜਾਵੇ।

Sd/-
ਚੇਅਰਮੈਨ
ਨਗਰ ਸਧਾਰ ਟਰੱਸਟ
ਬਠਿੰਡਾ

ਇਸਦਾ ਇੱਕ ਉਤਾਰਾ ਕਾਰਜ ਸਾਧਕ ਅਫਸਰ ਨਗਰ ਸੁਧਾਰ ਟਰੱਸਟ ਬਠਿੰਡਾ ਨੂੰ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

Sd/-
ਚੇਅਰਮੈਨ
ਨਗਰ ਸਧਾਰ ਟਰੱਸਟ
ਬਠਿੰਡਾ